# ਦਫਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਵਾਰਡ ਨੰ 37 ਦੇ ਕੋਸਲਰ ਨੇ ਮੇਅਰ ਸ਼ਿਵ ਸੂਦ ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ 14 ਜੁਲਾਈ ਵਾਰਡ ਨੰਬਰ 37 ਦੇ ਮੁਹੱਲਾ ਨਿਵਾਸੀ ਕੋਸਲਰ ਸੁਦਰਸ਼ਨ ਧੀਰ ਦੀ ਅਗਵਾਈ ਹੇਠ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਉਹਨ੍ਹਾਂ ਦੇ ਦਫਤਰ ਵਿਖੇ ਮਿਲੇ ਅਤੇ ਆਪਣੀਆਂ ਮੁਸ਼ਕਲਾਂ ਸਬੰਧੀ ਮੰਗ ਪੱਤਰ ਦਿੰਦਿਆਂ ਦਸਿਆ ਕਿ ਇਸ ਵਾਰਡ ਵਿੱਚ ਜ਼ੋ ਟਿਊਬਵੈੱਲ ਚੱਲ ਰਿਹਾ ਹੈ ਉਸ ਨਾਲ ਮੁਹੱਲਾ ਨਿਵਾਸੀਆਂ ਨੂੰ ਮੰਗ ਅਨੁਸਾਰ ਪਾਣੀ ਦੀ ਸਪਲਾਈ ਨਹੀ ਮਿਲ ਰਹੀ। ਇਸ ਲਈ ਇਸ ਵਾਰਡ ਵਿੱਚ ਇਕ ਨਵਾਂ ਟਿਊਬਵੈਲ ਲਗਵਾਇਆ ਜਾਵੇ। ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਉਹਨ੍ਹਾਂ ਨੂੰ ਭਰੋਸਾ ਦਵਾਇਆ ਕਿ ਉਹਨ੍ਹਾਂ ਦੀ ਇਸ ਮੰਗ ਨੂੰ ਦੇਖਦੇ ਹੋਏ ਇਸ ਸਬੰਧੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।ਮੁਹੱਲਾ ਨਿਵਾਸੀਆਂ ਵਿੱਚ ਰਾਜ ਰਾਣੀ, ਰੇਖਾ, ਸਤਿਆ, ਮਿਟਾਂ ਅਤੇ ਆਸ਼ਾ ਦੇਵੀ ਵੀ ਸ਼ਾਮਲ ਸਨ।